## ਅਣਡਿੱਠਾ ਪੈਰ੍ਹਾ

**ਸਫ਼ਾਈ ਸਾਡੇ ਚੰਗੇ ਜੀਵਨ ਦੀ ਨਿਸ਼ਾਨੀ ਹੈ। ਸਾਫ਼ ਘਰ, ਸਕੂਲ ਅਤੇ ਆਲੇ-ਦੁਆਲੇ ਦਾ ਵਾਤਾਵਰਣ ਸਾਨੂੰ ਤੰਦਰੁਸਤ ਰੱਖਣ ਵਿੱਚ ਸਹਾਇਕ ਹੁੰਦਾ ਹੈ। ਅੱਜ ਕਈ ਥਾਵਾਂ 'ਤੇ ਲੋਕ ਕੂੜਾ ਇੱਧਰ-ਉੱਧਰ ਸੁੱਟ ਦਿੰਦੇ ਹਨ, ਜਿਸ ਨਾਲ ਗੰਦਗੀ ਅਤੇ ਬਿਮਾਰੀਆਂ ਫੈਲ ਸਕਦੀਆਂ ਹਨ। ਸਾਨੂੰ ਕੂੜਾ ਹਮੇਸ਼ਾ ਕੂੜੇਦਾਨ ਵਿੱਚ ਪਾਉਣਾ ਚਾਹੀਦਾ ਹੈ ਅਤੇ ਗਿੱਲੇ ਤੇ ਸੁੱਕੇ ਕੂੜੇ ਨੂੰ ਵੱਖ-ਵੱਖ ਰੱਖਣਾ ਚਾਹੀਦਾ ਹੈ। ਜੇ ਹਰ ਵਿਅਕਤੀ ਆਪਣੀ ਜ਼ਿੰਮੇਵਾਰੀ ਸਮਝ ਕੇ ਸਫ਼ਾਈ ਰੱਖੇ, ਤਾਂ ਸਾਡਾ ਆਲਾ-ਦੁਆਲਾ ਸੁੰਦਰ ਅਤੇ ਸਿਹਤਮੰਦ ਬਣ ਸਕਦਾ ਹੈ।**

**ਉਪਰੋਕਤ ਪੈਰ੍ਹੇ ਨੂੰ ਪੜ੍ਹ ਕੇ ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ:-**

**ਪ੍ਰ:-ਸਫ਼ਾਈ ਸਾਡੇ ਲਈ ਕਿਉਂ ਜ਼ਰੂਰੀ ਹੈ?**

(ੳ) ਸਿਹਤਮੰਦ ਰਹਿਣ ਲਈ।✅ (ਅ) ਸਮਾਂ ਬਰਬਾਦ ਕਰਨ ਲਈ

(ੲ) ਗੰਦਗੀ ਫੈਲਾਉਣ ਲਈ। (ਸ) ਖੇਡਣ ਲਈ

**ਪ੍ਰ:-ਕੂੜਾ ਇੱਧਰ-ਉੱਧਰ ਸੁੱਟਣ ਨਾਲ ਕੀ ਹੋ ਸਕਦਾ ਹੈ?**

(ੳ)ਵਾਤਾਵਰਣ ਸਾਫ਼ ਹੁੰਦਾ ਹੈ।

(ਅ) ਗੰਦਗੀ ਅਤੇ ਬਿਮਾਰੀਆਂ ਫੈਲ ਸਕਦੀਆਂ ਹਨ।✅

(ੲ) ਰੁੱਖ ਵੱਧਦੇ ਹਨ। (ਸ) ਹਵਾ ਸ਼ੁੱਧ ਹੁੰਦੀ ਹੈ।

**ਪ੍ਰ:-ਜੇ ਤੁਹਾਡਾ ਦੋਸਤ ਕੂੜਾ ਸੜਕ 'ਤੇ ਸੁੱਟੇ, ਤਾਂ ਤੁਸੀਂ ਉਸਨੂੰ ਕੀ ਸਮਝਾਓਗੇ?**

(ੳ) ਉਸਨੂੰ ਕੂੜਾ ਕੂੜੇਦਾਨ ਵਿੱਚ ਪਾਉਣ ਲਈ ਸਮਝਾਵਾਂਗੇ।✅ (ਅ) ਉਸ ਦੇ ਨਾਲ ਕੂੜਾ ਸੁੱਟਾਂਗੇ। (ੲ) ਉਸਨੂੰ ਅਣਡਿੱਠਾ ਕਰਾਂਗੇ (ਸ) ਕੂੜਾ ਸੜਕ 'ਤੇ ਹੀ ਰਹਿਣ ਦੇਵਾਂਗੇ

**ਪ੍ਰ:-'ਜ਼ਿੰਮੇਵਾਰੀ' ਦਾ ਸਹੀ ਅਰਥ ਚੁਣੋ–**

(ੳ) ਆਪਣਾ ਫ਼ਰਜ਼✅ (ਅ) ਖੇਡ (ੲ) ਆਰਾਮ

## ਬਹੁਤ ਵਿਕਲਪੀ ਪ੍ਰਸ਼ਨ/ ਉੱਤਰ

**ਪ੍ਰ:-ਊਧਮ ਸਿੰਘ ਜੀ ਨੇ ਕਿਸ ਘਟਨਾ ਦਾ ਬਦਲਾ ਲੈਣ ਦਾ ਪ੍ਰਣ ਕੀਤਾ?**

(ੳ) ਜਲ੍ਹਿਆਂਵਾਲਾ ਬਾਗ ਦੇ ਸਾਕੇ ਦਾ✅ (ਅ) ਭਾਰਤ ਦੀ ਵੰਡ ਦਾ

(ੲ) ਨਮਕ ਕਾਨੂੰਨ ਦਾ (ਸ) ਸਾਈਮਨ ਕਮਿਸ਼ਨ ਦਾ

**ਪ੍ਰ:-ਪਾਠ ਵਿੱਚ ਹਲਦੀ ਕਿਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦੀ ਹੈ?**

(ੳ) ਸੁੰਡ ਨੂੰ ✅ (ਅ) ਆਪਣੀ ਮਾਂ ਨੂੰ

(ੲ) ਦਰਿਆ ਨੂੰ (ਸ) ਰੁੱਖ ਨੂੰ

**ਪ੍ਰ:-ਕਵੀ ਪੰਜਾਬੀ ਬੋਲੀ ਨੂੰ ਕਿਸ ਦੀ ਖਾਣ ਕਹਿੰਦਾ ਹੈ?**

(ੳ) ਸੋਨੇ ਦੀ (ਅ) ਹੀਰਿਆਂ ਦੀ

(ੲ) ਮੋਤੀਆਂ ਦੀ✅ (ਸ) ਰਤਨਾਂ ਦੀ

## ਛੋਟੇ ਪ੍ਰਸ਼ਨ/ਉੱਤਰ

**ਪ੍ਰ:-ਸ਼ਹੀਦ ਊਧਮ ਸਿੰਘ ਕਿਸ ਨੂੰ ਆਪਣਾ ਗੁਰੂ ਮੰਨਦਾ ਸੀ?**

ਉੱ:-ਸ਼ਹੀਦ ਭਗਤ ਸਿੰਘ ਨੂੰ

ਪ੍ਰ:-ਤਿਤਲੀ ਕਿਹੋ ਜਿਹੀ ਦਿਸਦੀ ਹੈ?

ਉੱ:-ਰੰਗ ਬਿਰੰਗੀ।

ਪ੍ਰ:-ਕੁੰਦਨ ਲਾਲ ਆਪਣਾ ਗੁਜ਼ਾਰਾ ਚਲਾਉਣ ਲਈ ਕੀ ਕੰਮ ਕਰਦਾ ਸੀ?

ਉੱ:-ਕੁੰਦਨ ਲਾਲ ਸਕੂਟਰ ਮੋਟਰਸਾਈਕਲ ਠੀਕ ਕਰਨ ਵਾਲੀ ਦੁਕਾਨ ਉੱਤੇ ਮਿਸਤਰੀ ਸੀ।

ਵੱਡੇ ਪ੍ਰਸ਼ਨ ਉੱਤਰ:-

ਪ੍ਰ:-ਮਾਈਕਲ ਓਡਵਾਇਰ ਨੂੰ ਸਜ਼ਾ ਦੇਣ ਤੋਂ ਬਾਅਦ ਸ਼ਹੀਦ ਉਧਮ ਸਿੰਘ ਨੇ ਆਪਣੀ ਹਿੰਮਤ ਦਾ ਕਿਹੜਾ ਸਬੂਤ ਦਿੱਤਾ?

ਉੱ:-ਮਾਈਕਲ ਓਡਵਾਇਰ ਨੂੰ ਸਜ਼ਾ ਦੇਣ ਤੋਂ ਬਾਅਦ ਸ਼ਹੀਦ ਊਧਮ ਸਿੰਘ ਉੱਥੋਂ ਭੱਜੇ ਨਹੀਂ, ਸਗੋਂ ਹਿੰਮਤ ਨਾਲ ਉੱਥੇ ਹੀ ਡਟੇ ਰਹੇ ਅਤੇ ਗ੍ਰਿਫ਼ਤਾਰੀ ਦੇ ਦਿੱਤੀ। ਇਸ ਤੋਂ ਉਨ੍ਹਾਂ ਦੀ ਨਿਡਰਤਾ ਅਤੇ ਦੇਸ਼-ਪ੍ਰੇਮ ਦਾ ਸਬੂਤ ਮਿਲਦਾ ਹੈ।

ਪ੍ਰ:-ਤਿਤਲੀ ਝੀਲ ਦੇ ਦੂਜੇ ਪਾਰ ਪਹੁੰਚੀ ਤਾਂ ਉਸ ਨੂੰ ਕਿਹੜੀ ਮਨਮੋਹਕ ਥਾਂ ਨਜ਼ਰ ਆਈ? ਉੱਥੇ ਮੌਜੂਦ ਚੀਜ਼ਾਂ ਦਾ ਵਰਣਨ ਕਰੋ?

ਉੱ:-ਤਿਤਲੀ ਜਦੋਂ ਝੀਲ ਦੇ ਦੂਜੇ ਪਾਰ ਪਹੁੰਚੀ ਤਾਂ ਉਸ ਨੂੰ ਇੱਕ ਬਹੁਤ ਹੀ ਸੁੰਦਰ ਅਤੇ ਮਨਮੋਹਕ ਬਾਗ਼ ਨਜ਼ਰ ਆਇਆ। ਉੱਥੇ ਰੰਗ-ਬਿਰੰਗੇ ਫੁੱਲ, ਹਰੇ-ਭਰੇ ਪੌਦੇ, ਰੁੱਖ ਅਤੇ ਸੁੰਦਰ ਕੁਦਰਤੀ ਨਜ਼ਾਰੇ ਮੌਜੂਦ ਸਨ। ਹਰ ਪਾਸੇ ਫੁੱਲਾਂ ਦੀ ਸੁਗੰਧ ਅਤੇ ਖ਼ੂਬਸੂਰਤੀ ਮਨ ਨੂੰ ਮੋਹ ਰਹੀ ਸੀ।

ਪ੍ਰ:-ਹਲਦੀ ਦੇ ਕਿਹੜੇ ਗੁਣਾਂ ਕਾਰਨ ਉਹ ਸਭ ਦੀ ਪਿਆਰੀ ਬਣ ਗਈ?

ਉੱ:-ਹਲਦੀ ਦਿਆਲੂ, ਮਦਦਗਾਰ, ਹਮਦਰਦ ਅਤੇ ਪਰਉਪਕਾਰੀ ਸੀ। ਉਹ ਹਮੇਸ਼ਾ ਦੂਜਿਆਂ ਦੀ ਮਦਦ ਕਰਦੀ ਅਤੇ ਉਨ੍ਹਾਂ ਦੀ ਭਲਾਈ ਬਾਰੇ ਸੋਚਦੀ ਸੀ। ਇਨ੍ਹਾਂ ਗੁਣਾਂ ਕਾਰਨ ਹਲਦੀ ਸਭ ਦੀ ਪਿਆਰੀ ਬਣ ਗਈ।

ਮੁੱਲ ਪਰਖ ਪ੍ਰਸ਼ਨ

ਪ੍ਰ:-ਜੇ ਤੁਹਾਡੇ ਆਲੇ-ਦੁਆਲੇ ਕੋਈ ਵਿਅਕਤੀ ਸੁੰਢ ਵਾਂਗ ਆਕੜ ਅਤੇ ਰੁੱਖੇ ਸੁਭਾਅ ਨਾਲ ਪੇਸ਼ ਆਵੇ, ਤਾਂ ਤੁਸੀਂ ਉਸਨੂੰ ਹਲਦੀ ਦੇ ਵਿਹਾਰ ਤੋਂ ਕੀ ਸਿੱਖਣ ਦੀ ਸਲਾਹ ਦਿਓਗੇ? ਆਪਣੇ ਉੱਤਰ ਨੂੰ ਪਾਠ ਦੀ ਸਿੱਖਿਆ ਨਾਲ ਜੋੜ ਕੇ ਲਿਖੋ?

ਉੱ:-ਮੈਂ ਉਸਨੂੰ ਹਲਦੀ ਦੇ ਵਿਹਾਰ ਤੋਂ ਇਹ ਸਿੱਖਣ ਦੀ ਸਲਾਹ ਦਿਓਂਗਾ ਕਿ ਸਾਨੂੰ ਆਕੜ ਅਤੇ ਰੁੱਖੇਪਣ ਦੀ ਥਾਂ ਨਿਮਰਤਾ, ਪਿਆਰ ਅਤੇ ਦੂਜਿਆਂ ਦੀ ਮਦਦ ਕਰਨ ਦੀ ਭਾਵਨਾ ਰੱਖਣੀ ਚਾਹੀਦੀ ਹੈ। ਪਾਠ ਵਿੱਚ ਹਲਦੀ ਨੇ ਮੁਸ਼ਕਲ ਵਿੱਚ ਫਸੇ ਸੁੰਢ ਦੀ ਮਦਦ ਕੀਤੀ ਅਤੇ ਉਸ ਨਾਲ ਪਿਆਰ ਨਾਲ ਪੇਸ਼ ਆਈ। ਇਸ ਲਈ ਪਾਠ ਦੀ ਸਿੱਖਿਆ ਹੈ ਕਿ ਚੰਗਾ ਵਿਹਾਰ ਅਤੇ ਪਰਉਪਕਾਰ ਹੀ ਮਨੁੱਖ ਨੂੰ ਸਭ ਦਾ ਪਿਆਰਾ ਬਣਾਉਂਦੇ ਹਨ।

ਵਿਆਕਰਨ:-

ਕਥਨ ): "ਸੀਮਾ ਨੇ ਕਿਤਾਬ ਪੜ੍ਹੀ। ਉਸਨੇ ਕਿਤਾਬ ਸੰਭਾਲ ਕੇ ਰੱਖ ਦਿੱਤੀ।" ਇੱਥੇ 'ਉਸਨੇ' ਪੜਨਾਂਵ ਹੈ।

ਕਾਰਨ : 'ਉਸਨੇ' ਸ਼ਬਦ 'ਸੀਮਾ' ਨਾਂਵ ਦੀ ਥਾਂ ਵਰਤਿਆ ਗਿਆ ਹੈ।

(ੳ) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਸਹੀ ਵਿਆਖਿਆ ਕਰਦਾ ਹੈ।

(ਅ) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਪਰ ਕਾਰਨ, ਕਥਨ ਦੀ ਸਹੀ ਵਿਆਖਿਆ ਨਹੀਂ ਕਰਦਾ।

(ੲ) ਕਥਨ ਸਹੀ ਹੈ ਪਰ ਕਾਰਨ ਗਲਤ ਹੈ।

(ਸ) ਕਥਨ ਗਲਤ ਹੈ ਪਰ ਕਾਰਨ ਸਹੀ ਹੈ।

ਉੱ:-ਓ) ਕਥਨ ਅਤੇ ਕਾਰਨ ਦੋਵੇਂ ਸਹੀ ਹਨ ਅਤੇ ਕਾਰਨ, ਕਥਨ ਦੀ ਸਹੀ ਵਿਆਖਿਆ ਕਰਦਾ ਹੈ।

ਸ਼ਬਦ/ਅਰਥ:-ਹਉਮੈ- ਅਹੰਕਾਰ,ਜੋਸ਼- ਉਤਸ਼ਾਹ,ਨਿੰਮੋਝੂਣਾ-ਉਦਾਸ,ਮਾਯੂਸ

ਵਾਕ ਬਣਾਓ-

ਤ੍ਰਿੰਞਣ-ਪੁਰਾਣੇ ਸਮਿਆਂ ਵਿੱਚ ਪਿੰਡ ਦੀਆਂ ਮੁਟਿਆਰਾਂ ਰਾਤ ਨੂੰ ਇਕੱਠੀਆਂ ਹੋ ਕੇ ਤ੍ਰਿੰਞਣ ਵਿੱਚ ਚਰਖਾ ਕੱਤਦੀਆਂ ਅਤੇ ਬੋਲੀਆਂ ਪਾਉਂਦੀਆਂ ਸਨ।

ਸਹਾਇਤਾ-ਔਖੇ ਸਮੇਂ ਵਿੱਚ ਆਪਣੇ ਮਿੱਤਰ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਸ਼ੁੱਧ ਕਰਕੇ ਲਿਖੋ:-ਦਲਾਸਾ-ਦਿਲਾਸਾ, ਸੁਨਹਰੀ-ਸੁਨਹਿਰੀ, ਹਉਮੇ-ਹਉਮੈ